ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ./ਐ.ਸਿੱ.)
ਸਮੂਹ ਡਾਈਟ ਪ੍ਰਿੰਸੀਪਲ,
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ,
ਸਮੂਹ ਬੀ.ਐਨ.ਓ.,
ਸਮੂਹ ਸਕੂਲ ਮੁਖੀ (ਸਰਕਾਰੀ, ਪ੍ਰਾਈਵੇਟ ਅਤੇ ਕੇਂਦਰੀ ਸਕੂਲ)
ਪੰਜਾਬ।
ਮੀਮੋ ਨੰਬਰ: AD(W)/SSE/2021/2021293403 ਮਿਤੀ: 31.08.2021

**ਵਿਸ਼ਾ: ਨੈਸ਼ਨਲ ਅਚੀਵਮੈਂਟ ਸਰਵੇ (NAS)-2021 ਦੀ ਪ੍ਰੀਖਿਆ ਸਬੰਧੀ ਆਮ ਹਦਾਇਤਾਂ।**

1.0 ਆਪ ਜੀ ਨੂੰ ਪਤਾ ਹੀ ਹੈ ਕਿ 12 ਨਵੰਬਰ 2021 ਨੂੰ ਭਾਰਤ ਸਰਕਾਰ ਵਲੋਂ ਸਮੁੱਚੇ ਰਾਜਾਂ ਅਤੇ ਕੇਂਦਰੀ ਸਾਸ਼ਤ ਪ੍ਰਦੇਸ਼ਾਂ ਵਿੱਚ ਨੈਸ਼ਨਲ ਅਚੀਵਮੈਂਟ ਸਰਵੇ (NAS) ਸਬੰਧੀ ਪ੍ਰੀਖਿਆ ਕਰਵਾਈ ਜਾ ਰਹੀ ਹੈ।ਬਾਕੀ ਪ੍ਰੀਖਿਆਂਵਾਂ ਦੀ ਤਰ੍ਹਾਂ ਇਸ ਪ੍ਰੀਖਿਆ ਵਿੱਚ ਵੀ ਪੰਜਾਬ ਦੇ ਵਿਦਿਆਰਥੀ ਉੱਤਮ ਕਾਰਗੁਜ਼ਾਰੀ ਦਿਖਾ ਸਕਣ, ਇਸ ਲਈ ਆਪ ਜੀ ਨਾਲ NAS ਪ੍ਰੀਖਿਆ ਸਬੰਧੀ ਕੁਝ ਜ਼ਰੂਰੀ ਹਦਾਇਤਾਂ ਨਿਮਨ ਅਨੁਸਾਰ ਸਾਂਝੀਆਂ ਕੀਤੀਆਂ ਜਾਂਦੀਆਂ ਹਨ:

1.1 ਇਹ ਪ੍ਰੀਖਿਆ ਕੇਵਲ ਤੀਸਰੀ, ਪੰਜਵੀਂ, ਅਠਵੀ ਅਤੇ ਦਸਵੀਂ ਜਮਾਤ ਦੀ ਹੋਣੀ ਹੈ।

1.2 ਇਹ ਪ੍ਰੀਖਿਆ ਸਰਕਾਰੀ, ਸਰਕਾਰੀ ਸਹਾਇਤਾ ਪ੍ਰਾਪਤ, ਪ੍ਰਾਈਵੇਟ ਅਤੇ ਕੇਂਦਰੀ ਸਕੂਲ ਵਿੱਚ ਹੋਣੀ ਹੈ।

1.3 ਇਸ ਪ੍ਰੀਖਿਆ ਵਿੱਚ ਜਮਾਤਵਾਰ ਹੇਠ ਦਿੱਤੇ ਵਿਸ਼ਿਆਂ ਦੀ ਪ੍ਰੀਖਿਆ ਲਈ ਜਾਣੀ ਹੈ:

| ਜਮਾਤ | ਵਿਸ਼ੇ |
|---|---|
| ਤੀਸਰੀ | ਭਾਸ਼ਾ, ਗਣਿਤ, ਵਾਤਾਵਰਣ ਸਿੱਖਿਆ |
| ਪੰਜਵੀਂ | ਭਾਸ਼ਾ, ਗਣਿਤ, ਵਾਤਾਵਰਣ ਸਿੱਖਿਆ |
| ਅਠਵੀਂ | ਭਾਸ਼ਾ, ਗਣਿਤ, ਸਮਾਜਿਕ ਸਿੱਖਿਆ, ਵਿਗਿਆਨ |
| ਦਸਵੀਂ | ਭਾਸ਼ਾ, ਗਣਿਤ, ਸਮਾਜਿਕ ਸਿੱਖਿਆ, ਵਿਗਿਆਨ, ਅੰਗਰੇਜ਼ੀ |

1.4 ਇਹ ਪ੍ਰੀਖਿਆ ਐਨ.ਸੀ.ਈ.ਆਰ.ਟੀ. ਵਲੋਂ ਨੋਟੀਫਾਈ ਲਰਨਿੰਗ ਆਊਟਕੰਮਜ਼ ਤੇ ਅਧਾਰਿਤ ਹੋਵੇਗੀ।

1.5 ਇਸ ਪ੍ਰੀਖਿਆ ਲਈ ਪ੍ਰਸ਼ਨਾਂ ਦੀ ਸੰਖਿਆ ਅਤੇ ਸਮਾਂ-ਸੀਮਾ ਹੇਠ ਲਿਖੇ ਅਨੁਸਾਰ ਹੈ:

| ਜਮਾਤ | ਪ੍ਰਸ਼ਨਾ ਦੀ ਸੰਖਿਆ | ਸਮਾਂ-ਸੀਮਾ |
|---|---|---|
| ਤੀਸਰੀ | 47 | 90 ਮਿੰਟ |
| ਪੰਜਵੀਂ | 53 | 90 ਮਿੰਟ |
| ਅਠਵੀਂ | 60 | 120 ਮਿੰਟ |
| ਦਸਵੀਂ | 70 | 120 ਮਿੰਟ |

1.6 ਇਸ ਪ੍ਰੀਖਿਆ ਵਿੱਚ ਜਮਾਤ ਤੀਜੀ, ਪੰਜਵੀਂ ਅਤੇ ਅੱਠਵੀਂ ਲਈ ਚਾਰ ਬੁੱਕਲੈਟ ਅਤੇ ਜਮਾਤ ਦਸਵੀਂ ਲਈ ਪੰਜ ਬੁੱਕਲੈਟ ਹੋਣਗੀਆ।ਅੱਠਵੀਂ ਅਤੇ ਦਸਵੀਂ ਜਮਾਤ ਲਈ ਦੋ-ਦੋ ਵਿਸ਼ਿਆਂ ਨੂੰ ਸ਼ਾਮਿਲ ਕਰਦੇ ਹੋਇਆਂ ਕ੍ਰਮਵਾਰ ਚਾਰ ਅਤੇ ਪੰਜ ਬੁੱਕਲੈਟ ਹੋਣਗੀਆਂ।

1.7 ਇਸ ਪ੍ਰੀਖਿਆ ਵਿੱਚ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਮੁਖੀਆਂ ਤੋਂ Pupil Questionnaire (PQ), Teacher Questionnaire (TQ) ਅਤੇ School Questionnaire (SQ) ਵੀ ਭਰਵਾਏ ਜਾਣਗੇ।

1.8 Pupil Questionnaire (PQ), Teacher Questionnaire (TQ) ਅਤੇ School Questionnaire (SQ) ਵਿੱਚ ਹੇਠ ਅਨੁਸਾਰ ਪ੍ਰਸ਼ਨ ਹੋਣਗੇ:

| **Questionnaire ਦੇ ਪ੍ਰਕਾਰ** | **ਜਮਾਤ ਤੀਸਰੀ, ਪੰਜਵੀਂ ਅਤੇ ਅਠਵੀਂ** | **ਜਮਾਤ ਦਸਵੀਂ** | **ਵਿਸ਼ੇਸ਼ ਕਥਨ** |
|---|---|---|---|
| Pupil Questionnaire | 25 | 32 | ਇਸ ਪ੍ਰਸ਼ਨਾਵਲੀ ਵਿੱਚ ਵਿਦਿਆਰਥੀਆਂ ਦੇ ਪਰਿਵਾਰਕ ਪਿਛੋਕੜ, ਘਰ ਵਿੱਚ ਸਹੂਲਤਾਂ, ਮਾਪਿਆਂ ਦੀ ਸ਼ਮੂਲੀਅਤ ਅਤੇ ਮਹਾਂਮਾਰੀ ਦੌਰਾਨ ਸਿੱਖਣਾ ਆਦਿ ਨਾਲ ਸਬੰਧਤ ਪ੍ਰਸ਼ਨ ਹੋਣਗੇ। |
| Teacher Questionnaire | 69 | 69 | ਇਸ ਪ੍ਰਸ਼ਨਾਵਲੀ ਵਿੱਚ ਅਧਿਆਪਕਾਂ ਲਈ ਸਕੂਲ ਦੀਆਂ ਸੁਵਿਧਾਵਾਂ, ਸਕੂਲ ਦਾ ਬੁਨਿਆਦੀ ਢਾਂਚਾ, ਅਧਿਆਪਕਾਂ ਲਈ ਉਪਲਬੱਧ ਸਮੱਗਰੀ ਅਤੇ ਪੇਸ਼ੇਵਰ ਵਿਕਾਸ ਸਹੂਲਤਾਂ ਨਾਲ ਸਬੰਧਤ ਪ੍ਰਸ਼ਨ ਹੋਣਗੇ। |
| School Questionnaire | 73 | 73 | ਇਸ ਪ੍ਰਸ਼ਨਾਵਲੀ ਵਿੱਚ ਸਕੂਲ ਮੁਖੀਆਂ ਲਈ ਸਕੂਲ ਦੇ ਬੁਨਿਆਦੀ ਢਾਂਚੇ, ਵਿਦਿਆਰਥੀਆਂ ਦੀ ਪ੍ਰਾਪਤੀ ਲਈ ਮਾਪਿਆਂ ਦੀ ਸ਼ਮੂਲੀਅਤ ਅਤੇ ਮਹਾਂਮਾਰੀ ਦੇ ਦੌਰਾਨ ਅਧਿਆਪਨ ਸਬੰਧੀ ਪ੍ਰਸ਼ਨ ਹੋਣਗੇ। |

1.9 ਜਮਾਤ ਤੀਸਰੀ ਅਤੇ ਪੰਜਵੀ ਲਈ PQ interview ਵਿਧੀ ਰਾਹੀ Filed Investigator ਦੀ ਮਦਦ ਨਾਲ ਭਰੇ ਜਾਣਗੇ ਅਤੇ ਜਮਾਤ ਅੱਠਵੀਂ ਅਤੇ ਦਸਵੀਂ ਲਈ PQ ਪੈੱਨ-ਪੇਪਰ ਵਿਧੀ ਰਾਹੀ ਭਰੇ ਜਾਣਗੇ।

1.10 ਇਸ ਪ੍ਰੀਖਿਆ ਦੇ Achievement test ਅਤੇ Questionnaire ਸਬੰਧੀ ਜਵਾਬ OMR sheet ਵਿੱਚ ਭਰੇ ਜਾਣੇ ਹਨ, ਜਿਸ ਦੀ ਸਕੈਨਿੰਗ ਸੀ.ਬੀ.ਐਸ.ਈ. ਵਲੋਂ ਦਿੱਲੀ ਵਿਖੇ ਕੀਤੀ ਜਾਣੀ ਹੈ।

1.11 ਉਕਤ ਪ੍ਰੀਖਿਆ ਲਈ ਸਮੂਹ ਸਕੂਲਾਂ ਵਿੱਚ Field Investigators ਅਤੇ ਸੀ.ਬੀ.ਐਸ.ਈ. ਵਲੋਂ Observers ਲਗਾਏ ਜਾਣੇ ਹਨ।

1.12 ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਇਸ ਪ੍ਰੀਖਿਆ ਵਿੱਚ ਕੋਈ ਨੈਗਟਿਵ ਮਾਰਕਿੰਗ ਨਹੀਂ ਹੋਣੀ, ਇਸ ਲਈ ਵਿਦਿਆਰਥੀਆਂ ਨੂੰ ਸਾਰੇ ਪ੍ਰਸ਼ਨ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ।

1.13 ਵਿਦਿਆਰਥੀਆਂ ਵੱਲੋਂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਜਿਹੜੇ ਪ੍ਰਸ਼ਨ ਵਿਦਿਆਰਥੀਆਂ ਨੂੰ ਔਖੇ ਲਗਦੇ ਹਨ, ਉਨ੍ਹਾਂ ਪ੍ਰਸ਼ਨਾਂ ਤੇ ਜ਼ਿਆਦਾ ਸਮਾਂ ਨਾ ਦਿੱਤਾ ਜਾਵੇ ਕਿਉਂਕਿ ਇਸ ਪ੍ਰੀਖਿਆ ਵਿੱਚ ਹਰ ਜਮਾਤ ਲਈ ਸਮਾਂ-ਸੀਮਾ ਨਿਰਧਾਰਤ ਕੀਤੀ ਹੋਈ ਹੈ।

1.14 ਵਿਦਿਆਰਥੀਆਂ ਨੂੰ ਓ.ਐਮ.ਆਰ.(OMR) ਸ਼ੀਟ ਦਾ ਵੱਧ ਤੋਂ ਵੱਧ ਅਭਿਆਸ ਕਰਵਾਇਆ ਜਾਵੇ।

1.15 ਇਸ ਪ੍ਰੀਖਿਆ ਸਬੰਧੀ ਮੁੱਖ ਹਦਾਇਤਾਂ ਫਲੈਕਸ ਆਦਿ ਤੇ ਲਿਖਵਾ ਕੇ ਸਕੂਲ ਵਿੱਚ ਵੀ ਲਗਾਈਆਂ ਜਾ ਸਕਦੀਆਂ ਹਨ।

1.16 ਸਮੂਹ ਸਕੂਲ ਮੁੱਖੀਆਂ ਵਲੋਂ UDISE ਤੇ ਵਿਦਿਆਰਥੀਆਂ ਦਾ ਮਾਧਿਅਮ (medium of instructions) ਸਹੀ ਭਰਿਆ ਜਾਵੇ ਤਾਂ ਜੋ ਪ੍ਰੀਖਿਆ ਵਿੱਚ ਵਿਦਿਆਰਥੀਆਂ ਨੂੰ ਸਹੀ ਮਾਧਿਅਮ ਵਿੱਚ ਪੇਪਰ ਪ੍ਰਾਪਤ ਹੋ ਸਕੇ।

1.17 ਇਸ ਪ੍ਰੀਖਿਆ ਵਿੱਚ ਵਿਸ਼ੇਸ਼ ਲੋੜਾਂ ਵਾਲੇ ਵਿਦਿਆਰਥੀਆਂ (CWSN) ਨੂੰ ਪ੍ਰਤੀ ਘੰਟੇ 20 ਮਿੰਟ ਦੇ ਹਿਸਾਬ ਨਾਲ ਵੱਧ ਸਮਾਂ ਦਿੱਤਾ ਜਾਵੇਗਾ।

1.18 ਇਸ ਪ੍ਰੀਖਿਆ ਵਿੱਚ ਵਧੀਆ ਕਾਰਗੁਜ਼ਾਰੀ ਲਈ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਅਭਿਆਸ ਕਰਵਾਇਆ ਜਾਵੇ।

3।8।25

**ਡਾਇਰੈਕਟਰ**

**ਐਸ.ਸੀ.ਈ.ਆਰ.ਟੀ. ਪੰਜਾਬ।**